ACCÉSSS

Alliance des Communautés Culturelles pour l'Égalité dans la Santé et les Services Sociaux

## ਹੈਪਾਟਾਈਟਸ ਸੀ ਕੀ ਹੈ?

ਹੈਪਾਟਾਈਟਸ ਸੀ ਜਿਗਰ ਦੀਆਂ ਤਿੰਨ ਕਿਸਮ ਦੀਆਂ ਲਾਗਾਂ ਵਿੱਚੋਂ ਇਕ ਹੈ (ਹੋਰ ਲਾਗਾਂ ਏ ਅਤੇ ਬੀ ਹਨ)। ਸਿਰਫ ਇਹੋ ਲਾਗ ਦੀ ਵਰਤਮਾਨ ਸਮੇਂ ਵਿੱਚ ਕੋਈ ਵੈਕਸੀਨ ਨਹੀਂ ਹੈ। ਕਿਊਬੈਕ ਵਿੱਚ ਇਹ ਬੀਮਾਰੀ ਵਾਲੇ ਵਿਅਕਤੀਆਂ ਲਈ ਆਪਣੀ ਇਸ ਲਾਗ ਬਾਰੇ ਦੱਸਣਾ ਜ਼ਰੂਰੀ ਹੈ। ਹੈਪਾਟਾਈਟਸ ਸੀ ਵਾਇਰਸ (ਐਚਸੀਵੀ) ਸ਼ਰੀਰ ਤੋਂ ਬਾਹਿਰ ਵੀ 5 ਤੋਂ 7 ਹਫ਼ਤਿਆਂ ਤੱਕ ਬਚ ਸਕਦਾ ਹੈ।

## ਹੈਪਾਟਾਈਟਸ ਸੀ ਦਾ ਪ੍ਰਚਲਨ:

ਦੁਨਿਆ ਵਿੱਚ ਲਗਭਗ 71 ਮਿਲੀਅਨ ਵਿਅਕਤੀ ਹੈਪਾਟਾਈਟਸ ਸੀ ਦੇ ਸਦੀਵੀਂ ਕੈਰੀਅਰ ਹਨ; ਅਤੇ ਜ਼ਿਆਦਾਤਰ ਲੋਗ ਇਹ ਨਹੀਂ ਜਾਣਦੇ। ਇਹ ਬਿਮਾਰੀ ਹੌਲੀ-ਹੌਲੀ ਵੱਧਦੀ ਹੈ ਅਤੇ ਜਦੋਂ ਤੱਕ ਲੱਛਣ ਪ੍ਰਗਟ ਹੁੰਦੇ ਹਨ, ਉਸ ਤੋਂ ਪਹਿਲੇ ਹੀ ਜਿਗਰ ਗੰਭੀਰ ਰੂਪ ਨਾਲ ਖਰਾਬ ਹੋ ਚੁੱਕਾ ਹੋ ਸਕਦਾ ਹੈ।

ਕੁਝ ਦੇਸ਼ਾਂ ਵਿੱਚ ਐਚਵੀਸੀ (ਹੈਪਾਟਾਈਟਸ ਸੀ ਵਾਇਰਸ) ਦੇ ਬਹੁਤ ਸਾਰੇ ਕੈਰੀਅਰ ਹਨ; ਉਨ੍ਹਾਂ ਵਿੱਚ ਸ਼ਾਮਿਲ ਹਨ:

- ✓ ਅਲਜੀਰੀਆ
- ✓ ਬੰਗਲਾਦੇਸ਼
- ✓ ਚੀਨ
- ✓ ਮਿਸਰ
- ✓ ਯੂਨਾਨ
- ✓ ਇਟਲੀ
- ✓ ਪਾਕਿਸਤਾਨ
- ✓ ਸੋਮਾਲਿਆ
- ✓ ਵਿਅਤਨਾਮ
- ✓ ਫਿਲੀਪੀਨਜ਼

ਇਨ੍ਹਾਂ ਦੇਸ਼ਾਂ ਵਿੱਚ ਜਾਂ ਤਾਂ ਹੈਪਾਟਾਈਟਸ ਸੀ ਬਹੁਤ ਜ਼ਿਆਦਾ ਦਰ ਤੇ ਵਿਆਪਕ ਹੈ, ਜਾਂ ਫਿਰ ਉਨ੍ਹਾਂ ਦੀ ਆਬਾਦੀ ਦੇ ਵੱਡੇ ਹਿੱਸੇ ਹੈਪਾਟਾਈਟਸ ਸੀ ਨਾਲ ਰਹਿ ਰਹੇ ਹਨ। ਇਸੀ ਲਈ, ਜੇ ਤੁਸੀਂ ਉੱਚੇ ਦਰ ਦੇ ਪ੍ਰਦੂਸ਼ਣ ਦੇ ਇਲਾਕੇ ਵਿੱਚੋਂ ਆਏ ਹੋਏ ਹੋ, ਤਾਂ ਆਪਣੀ ਬੇਹਤਰੀ ਲਈ ਸਕਰੀਨ ਟੈਸਟ ਕਰਵਾਓ ਤਾਂ ਕਿ ਤੁਸੀਂ ਇਸ ਬੀਮਾਰੀ ਤੋਂ ਆਪਣਾ ਬਚਾਵ ਕਰ ਸਕੋ ਅਤੇ ਦੂਸਰੇਆਂ ਨੂੰ ਅਣਜਾਣੇ ਵਿੱਚ ਆਪਣਾ ਰੋਗ ਨਾ ਲਾ ਦਵੋ।

**ਕੈਨੇਡਾ ਵਿੱਚ, ਲਗਭਗ 250,000 ਲੋਗਾਂ ਨੂੰ ਹੈਪਾਟਾਈਟਸ ਸੀ ਹੈ, ਅਤੇ ਜ਼ਿਆਦਾਤਰ ਨੂੰ ਪਤਾ ਵੀ ਨਹੀਂ ਹੈ ਕਿ ਉਹ ਰੋਗ-ਗ੍ਰਸਤ ਹਨ।**

## ਜੇ ਮੇਰਾ ਕੋਈ ਫੈਮਿਲੀ ਡਾਕਟਰ ਨਹੀਂ ਹੈ ਤਾਂ?

**ਤੁਸੀਂ ਹੈਪਾਟਾਈਟਸ ਸੀ ਦੇ ਮੁਫਤ ਅਤੇ ਗੁਪਤ ਟੈਸਟ ਲਈ 514-934-0505, ਐਕਸਟੈਂਸ਼ਨ 7406 ਤੇ ਫੌਨ ਕਰ ਸਕਦੇ ਹੋ।**

## ਹੈਪਾਟਾਈਟਸ ਸੀ ਕਿਦਾਂ ਫੈਲਦਾ ਹੈ?

✓ ਸਹੀ ਤਰ੍ਹਾਂ ਜਰਮ ਮਿਟਾਏ ਬਗੈਰ ਸਾਜ਼ਾਂ ਨਾਲ ਮੈਡੀਕਲ ਅਤੇ ਦੰਦਾਂ ਦਾ ਦਖਲ, ਖਾਸ ਤੌਰ ਤੇ ਪਹਿਲੇ ਦੱਸੇ ਗਏ ਮੁਲਕਾਂ ਵਿੱਚ।
✓ ਇਕ ਦੂਸ਼ਤ ਵਿਅਕਤੀ ਦੇ ਲਹੂ ਦੁਆਰਾ
✓ ਹਾਈਪੋਡਰਮਿਕ ਸੂਇਆਂ ਜਾਂ ਹੋਰ ਵਸਤੂਆਂ ਦੁਆਰਾ ਜਿਹੜੀਆਂ ਚਮੜੀ ਨੂੰ ਵਿੰਨ੍ਹਦੀਆਂ ਹਨ।
✓ ਕਦੀ-ਕਦਾਈਂ ਜਨਮ ਦਿੰਦੇ ਹੋਏ ਮਾਂ ਦੁਆਰਾ ਬੱਚੇ ਨੂੰ ਪ੍ਰਸਾਰਿਤ।

ਇਹ ਦੇ ਦੋ ਪੜਾਅ ਹਨ:

- ਦੂਸ਼ਤ ਹੋਣ ਦੇ ਸਮੇਂ ਤੋਂ 6 ਮਹੀਨਿਆਂ ਤਕ ਦਾ ਇੱਕ ਤਿੱਖ ਪੜਾਅ। ਇਸ ਪੜਾਅ ਦੇ ਦੌਰਾਨ ਭਾਵੇਂ ਰੋਗੀ ਕੋਈ ਲੱਛਣ ਨਾ ਵਿਖਾਵੇ, ਪਰ ਉਹ ਵਾਇਰਸ ਪ੍ਰਸਾਰਿਤ ਕਰ ਸਕਦਾ ਹੈ।
- 6 ਮਹੀਨਿਆਂ ਬਾਦ ਇਕ ਗੰਭੀਰ ਪੜਾਅ ਜੋ ਕਿ ਪੇਚੀਦਗੀਆਂ ਪੈਦਾ ਕਰ ਸਕਦਾ ਹੈ ਜਿਵੇਂ ਕਿ ਸਿਰੋਸਿਸ ਜਾਂ ਜਿਗਰ ਕੈਂਸਰ।

## ਲੱਛਣ

ਹੈਪਾਟਾਈਟਸ ਸੀ ਨਾਲ ਸੰਬਧਤ ਸਭ ਤੋਂ ਆਮ ਲੱਛਣ ਇਸ ਅਨੁਸਾਰ ਹਨ: ਭੁੱਖ ਮਰ ਜਾਣੀ, ਮਾਸਪੇਸ਼ੀ ਅਤੇ ਜੋੜਾਂ ਦੀ ਦਰਦ, ਭਾਰ ਘਟਣਾ, ਥਕਾਵਟ, ਇਨਸੋਮਨੀਆ (ਨੀਂਦ ਨਾ ਆਣਾ) ਜਾਂ ਹਾਈਪਰਸੋਮਨੀਆ (ਬਹੁਤ ਜ਼ਿਆਦਾ ਨੀਂਦ ਆਣਾ), ਮਤਲੀ, ਉਲਟੀਆਂ, ਦਸਤ, ਸਿਰ ਦਰਦ, ਤੇਜ਼ੀ ਨਾਲ ਬਦਲਦੇ ਹੋਏ ਅਤੇ ਸਪੋਰੈਡਿਕ ਮੂਡ ਸਵਿੰਗ, ਫਲੂ ਵਾਲੇ ਲੱਛਣ, ਪੀਲੀਆ।

## ਇਹ ਕਿੱਦਾਂ ਜਾਣਿਏ ਕਿ ਕੋਈ ਕੈਰੀਅਰ ਹੈ?

ਇਹ ਜਾਨਣ ਲਈ ਕਿ ਤੁਸੀਂ ਐਚਵੀਸੀ ਦੇ ਕੈਰੀਅਰ ਹੋ, ਤੁਹਾਨੂੰ ਕਿਸੀ ਡਾਕਟਰ ਨੂੰ ਟੈਸਟ ਲਈ ਪੁੱਛਣਾ ਪਏਗਾ ਅਤੇ ਫਿਰ ਆਪਣੇ ਸੀ ਐਲ ਐਸ ਸੀ (ਸਥਾਨਕ ਕਮਿਊਨਿਟੀ ਸਰਵਿਸ ਸੈਂਟਰ) ਤੇ ਜਾਣਾ ਪਏਗਾ। ਤੁਹਾਡੇ ਖ਼ੂਨ ਦੇ ਨਮੂਨੇ ਦੀ ਪ੍ਰਯੋਗਸ਼ਾਲਾ ਵਿੱਚ ਜਾਂਚ ਹੀ ਇਕ ਜਾਨਣ ਦਾ ਨਿਸ਼ਚਿਤ ਤਰੀਕਾ ਹੈ ਜੇ ਤੁਸੀਂ ਹੈਪਾਟਾਈਟਸ ਸੀ ਦੇ ਕੈਰੀਅਰ ਹੋ। ਦੋ ਟੈਸਟ ਚਾਹੀਦੇ ਹਨ ਇਹ ਪਤਾ ਕਰਨ ਲਈ ਕਿ ਜੇ ਤੁਹਾਨੂੰ ਹੈਪਾਟਾਈਟਸ ਹੈ:

- ਪਹਿਲਾ ਟੈਸਟ ਇਹ ਵਿਖਾਏਗਾ ਕਿ ਅਤੀਤ ਵਿੱਚ ਤੁਹਾਡਾ ਹੈਪਾਟਾਈਟਸ ਸੀ ਵਾਈਰਸ ਨਾਲ ਸੰਪਰਕ ਰਹਿ ਚੁਕਾ ਹੈ। ਪਹਿਲਾ ਟੈਸਟ ਇਸ ਗੱਲ ਦੀ ਪੁਸ਼ਟੀ ਨਹੀਂ ਕਰ ਸਕਦਾ ਕਿ ਤੁਹਾਨੂੰ ਹਲੇ ਵੀ ਹੈਪਾਟਾਈਟਸ ਸੀ ਹੈ।
- ਦੂਜਾ ਟੈਸਟ ਇਹ ਪਤਾ ਲਾਉਣ ਲਈ ਜ਼ਰੂਰੀ ਹੈ ਕਿ ਵਾਈਰਸ ਤੁਹਾਡੇ ਸ਼ਰੀਰ ਵਿੱਚ ਕਿਰਿਆਸ਼ੀਲ ਹੈ।

**ਆਪਣੇ ਡਾਕਟਰ ਨਾਲ ਗੱਲ ਕਰੋ: ਸਕ੍ਰੀਨਿੰਗ ਸੰਭਵ ਹੈ; ਅਤੇ ਇਕ ਇਲਾਜ ਹੈ ਜੋ ਤੁਹਾਨੂੰ ਚੰਗਾ ਕਰ ਸਕਦਾ ਹੈ!**

**ਜੇ ਮੇਰਾ ਕੋਈ ਫੈਮਿਲੀ ਡਾਕਟਰ ਨਹੀਂ ਹੈ ਤਾਂ?**

**ਤੁਸੀਂ ਹੈਪਾਟਾਈਟਸ ਸੀ ਦੇ ਮੁਫਤ ਅਤੇ ਗੁਪਤ ਟੈਸਟ ਲਈ 514-934-0505, ਐਕਸਟੈਂਸ਼ਨ 7406 ਤੇ ਫੌਨ ਕਰ ਸਕਦੇ ਹੋ।**

## ਮੈਨੂੰ ਹੈਪਾਟਾਈਟਸ ਸੀ ਲਈ ਟੈਸਟ ਕਿਉਂ ਕਰਵਾਨਾ ਚਾਹੀਦਾ ਹੈ?

ਕਦੇ-ਕਦੇ ਹੈਪਾਟਾਈਟਸ ਸੀ ਕਿਸੀ ਵੀ ਤਰ੍ਹਾਂ ਦੇ ਲੱਛਣ ਨਹੀਂ ਦਿਖਾਉਂਦਾ ਹੈ, ਕਈ ਸਾਲਾਂ ਤੱਕ ਵੀ ਨਹੀਂ। ਟੈਸਟ ਕਰਵਾਨਾ ਬਹੁਤ ਹੀ ਮਹੱਤਵਪੂਰਨ ਹੈ ਕਿਉਂਕਿ ਜਦੋਂ ਲੱਛਣ ਦਿੱਖਣੇ ਸ਼ੁਰੂ ਹੋ ਜਾਂਦੇ ਹਨ, ਜਿਗਰ ਪਹਿਲੇ ਹੀ ਬਿਮਾਰ ਹੋ ਚੁੱਕਾ ਹੁੰਦਾ ਹੈ।

**ਤੁਹਾਨੂੰ ਟੈਸਟ ਕਰਵਾਨਾ ਚਾਹੀਦਾ ਹੈ ਉਸ ਵਿਅਕਤੀ ਦੇ ਖ਼ੂਨ ਦੇ ਸੰਪਰਕ ਵਿੱਚ ਆਣ ਤੋਂ ਬਾਦ ਜਿਹੜਾ ਇਸ ਵਾਇਰਸ ਨਾਲ ਦੂਸ਼ਤ ਹੋ ਸਕਦਾ ਹੈ। ਯਾਨਿ ਕਿ, ਅਸੀਂ ਤੁਹਾਨੂੰ ਟੈਸਟ ਕਰਵਾਨ ਦੀ ਸਿਫਾਰਸ਼ ਕਰਦੇ ਹਾਂ ਜੇ:**

- ✓ ...ਤੁਸੀਂ 1987 ਤੋਂ ਪਹਿਲਾਂ ਖ਼ੂਨ ਦੇ ਗਤਲੇ ਕਿਸੀ ਜਰਿਏ ਪ੍ਰਾਪਤ ਕੀਤੇ ਹਨ।
- ✓ ...ਤੁਸੀਂ 1992 ਤੋਂ ਪਹਿਲਾਂ ਖ਼ੂਨ, ਖ਼ੂਨ ਪਲਾਜ਼ਮਾਂ ਉਤਪਾਦ ਜਾਂ ਅੰਗ ਟ੍ਰਾਂਸਪਲਾਂਟ ਪ੍ਰਾਪਤ ਕੀਤਾ ਹੈ।
- ✓ ... ਤੁਸੀਂ ਖ਼ੂਨ, ਖ਼ੂਨ ਪਲਾਜ਼ਮਾਂ ਉਤਪਾਦਾਂ ਜਾਂ ਐਚਵੀਸੀ ਨਾਲ ਸੰਕ੍ਰਮਿਤ ਅੰਗ ਟ੍ਰਾਂਸਪਲਾਂਟ ਪ੍ਰਾਪਤ ਕੀਤਾ ਹੈ।
- ✓ ...ਤੁਸੀਂ ਗਲਤੀ ਨਾਲ ਉਹ ਖ਼ੂਨ ਜਾਂ ਵਸਤੂਆਂ ਦੇ ਸੰਪਰਕ ਵਿੱਚ ਆ ਚੁੱਕੇ ਹੋ ਜੋ ਦੂਸ਼ਤ ਹੋ ਸਕਦੀਆਂ ਹਨ। ਉਦਾਹਰਨ ਲਈ, ਕਿਸੀ ਗੰਦੀ ਸੂਈ ਨੂੰ ਚੁੱਕਦੇ ਸਮੇਂ ਕੱਟ ਜਾਨਾ।
- ✓ ...ਤੁਸੀਂ ਘੱਟੋਂ ਘੱਟ ਇਕ ਵਾਰ ਇੰਨਜੈਕਟਿਡ ਵਸਤੂਆਂ ਸਾਂਝੀਆਂ ਕੀਤੀਆਂ ਹਨ, ਭਾਵੇਂ ਇਹ ਬਹੁਤ ਸਮੇਂ ਪਹਿਲੇ ਹੋਇਆ ਹੋਵੇ। ਉਦਾਹਰਨ ਲਈ ਹਾਈਪੋਡਰਮਿਕ, ਚੱਮਚ, ਪਾਣੀ, ਸ਼ਰਾਬ, ਪੋਚਾ...
- ✓ ...ਤੁਸੀਂ ਨਸ਼ੀਲੇ ਪਦਾਰਥਾਂ ਨੂੰ ਸੁੰਘਣ ਵਾਲੀਆਂ ਵਸਤੂਆਂ ਨੂੰ ਸਾਂਝਾ ਕਰ ਚੁੱਕੇ ਹੋ ਜਿਵੇਂ ਪੀਣ ਵਾਲੀ ਤੂੜੀ ਜਾਂ ਗੋਲ ਕੀਤਾ ਹੋਇਆ ਬੈਂਕ ਨੋਟ।
- ✓ ...ਤੁਸੀਂ ਜਰਮਾਂ ਨੂੰ ਚੰਗੀ ਤਰ੍ਹਾਂ ਮਾਰਨ ਤੋਂ ਬਗੈਰ ਹਾਲਾਤ ਵਿੱਚ ਸ਼ਰੀਰ ਤੇ ਟੈਟੂ ਗੁੰਦਵਾਯਾ ਹੈ ਜਾਂ ਕੋਈ ਮੋਰੀ ਬਿੰਨਵਾਈ ਹੈ।

**ਜੇ ਮੇਰਾ ਕੋਈ ਫੈਮਿਲੀ ਡਾਕਟਰ ਨਹੀਂ ਹੈ ਤਾਂ?**

**ਤੁਸੀਂ ਹੈਪਾਟਾਈਟਸ ਸੀ ਦੇ ਮੁਫਤ ਅਤੇ ਗੁਪਤ ਟੈਸਟ ਲਈ 514-934-0505, ਐਕਸਟੈਂਸ਼ਨ 7406 ਤੇ ਫੌਨ ਕਰ ਸਕਦੇ ਹੋ।**

**ਸਾਵਧਾਨ: ਹੈਪਾਟਾਈਟਸ ਸੀ ਦੀ ਸਕ੍ਰੀਨਿੰਗ ਮੈਡੀਕਲ ਪ੍ਰੀਖਿਆ ਦਾ ਹਿੱਸਾ ਨਹੀਂ ਹੈ ਜਿਸ ਵਿੱਚੋਂ ਤੁਸੀਂ ਕੈਨੇਡਾ ਆਉਣ ਤੋਂ ਪਹਿਲੇ ਗੁਜ਼ਰੇ ਸੀ !**

**ਆਪਣੇ ਡਾਕਟਰ ਨਾਲ ਜਲਦੀ ਤੋਂ ਜਲਦੀ ਗੱਲ ਕਰੋ।**

**ਕੀ ਕੋਈ ਅਸਰਦਾਰ ਇਲਾਜ ਹੈ?**

ਹਾਂ। ਹੈਪਾਟਾਈਟਸ ਸੀ ਵਾਈਰਸ ਦਾ ਇਲਾਜ ਹੈ ਜਿਸ ਲਈ ਮੈਡੀਕਲ ਪ੍ਰਸਕ੍ਰਿਪਸ਼ਨ ਦੀ ਲੋੜ ਹੈ। ਕਿਉਬੈਕ ਵਿੱਚ ਇਕ ਸਾਧਾਰਣ ਡਾਕਟਰ ਤੁਹਾਨੂੰ ਹਾਲਾਤ ਅਨੁਸਾਰ ਮੁਤਾਬਕ ਇਲਾਜ ਦੱਸ ਸਕਦਾ ਹੈ ਜਾਂ ਤੁਹਾਨੂੰ ਸਪੈਸ਼ਲਿਸਟ ਕੋਲ ਭੇਜ ਸਕਦਾ ਹੈ। ਅੱਜਕਲ ਇਲਾਜ ਤਕਰੀਬਨ 12 ਹਫ਼ਤਿਆਂ ਦਾ ਹੁੰਦਾ ਹੈ ਅਤੇ ਪਹਿਲਾਂ ਨਾਲੋਂ ਜ਼ਿਆਦਾ ਅਸਰਦਾਰ ਹੈ। ਜ਼ਿਆਦਾਤਰ ਇਲਾਜ਼ ਆਰਏਐਮਕਿਉ ਦੇ ਤਹਿਤ ਕਵਰ ਹਨ, ਜੇ ਤੁਸੀਂ ਇਸ ਯੋਗ ਹੋ।

ਕ੍ਰਿਪਾ ਕਰਕੇ ਨੋਟ ਕਰ ਲੋ ਕਿ ਹੈਪਾਟਾਈਟਸ ਸੀ ਦੇ ਇਲਾਜ ਤੋਂ ਬਾਦ ਕੋਈ ਵੈਕਸੀਨ ਜਾਂ ਛੋਟ (ਇਮਉਨਿਟੀ) ਨਹੀਂ ਹੈ। ਇਲਾਜ ਨਾਲ ਜ਼ਿਆਦਾਤਰ ਲੋਗ, ਜੋ ਹੈਪਾਟਾਈਟਸ ਸੀ ਨਾਲ ਇਨਫੈਕਟਿਡ ਹਨ, ਠੀਕ ਹੋ ਜਾਂਦੇ ਹਨ, ਪਰ ਫਿਰ ਦੁਬਾਰਾ ਵੀ ਇਨਫੈਕਟਿਡ ਹੋ ਸਕਦੇ ਹਨ।

**ਜੇ ਮੇਰਾ ਕੋਈ ਫੈਮਿਲੀ ਡਾਕਟਰ ਨਹੀਂ ਹੈ ਤਾਂ?**

**ਤੁਸੀਂ ਹੈਪਾਟਾਈਟਸ ਸੀ ਦੇ ਮੁਫਤ ਅਤੇ ਗੁਪਤ ਟੈਸਟ ਲਈ 514-934-0505, ਐਕਸਟੈਂਸ਼ਨ 7406 ਤੇ ਫੌਨ ਕਰ ਸਕਦੇ ਹੋ।**

**ਦੇਸ਼ ਦੇ ਅਨੁਸਾਰ ਹੈਪਾਟਾਈਟਸ ਸੀ ਵਾਈਰਸ ਵਾਲੇ ਵਿਅਕਤੀਆਂ ਦੀ ਪਰਸੈਂਟੇਜ**